# ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ

(ਸੈਕਟਰ -62 ਪੁੱਡਾ ਭਵਨ, ਐਸ. ਏ. ਐਸ ਨਗਰ)

(ਰੈਗੂਲੇਟਰੀ ਸ਼ਾਖਾ)

## ਜਨਤਕ ਸੂਚਨਾ

ਰਾਜ ਦੇ ਆਮ ਜਨਤਾ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਨੰ: 12/04/16-5ਐਚ.ਜੀ2/891764/1, ਮਿਤੀ 15-12-206 ਰਾਹੀਂ ਪੰਜਾਬ ਰਾਜ ਵਿੱਚ ਸਥਾਪਿਤ ਕੀਤੀਆਂ ਗਈਆਂ ਅਣ-ਅਧਿਕਾਰਤ ਕਲੋਨੀਆਂ ਅਤੇ ਅਣ-ਅਧਿਕਾਰਤ ਪਲਾਟਾਂ/ਬਿਲਡਿੰਗਾਂ ਨੂੰ ਰੈਗੂਲਰਾਈਜ਼/ਕੰਪਾਊਂਡ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਦੇ ਹੋਏ ਅਣ-ਅਧਿਕਾਰਤ ਕਲੋਨੀਆਂ ਦੇ ਪ੍ਰਮੋਟਰਾਂ/ਬਿਲਡਰਾਂ ਅਤੇ ਪਲਾਟ ਹੋਲਡਰਾਂ ਨੂੰ ਆਪਣੀਆਂ ਅਣ-ਅਧਿਕਾਰਤ ਕਲੋਨੀਆਂ/ਪਲਾਟ/ਰੈਗੂਲਰ/ਕੰਪਾਊਂਡ ਕਰਵਾਉਣ ਲਈ ਨੋਟੀਫਿਕੇਸ਼ਨ ਜਾਰੀ ਹੋਣ ਦੀ ਮਿਤੀ ਭਾਵ 15-12-2016 ਤੋਂ 30 ਦਿਨਾਂ ਦੇ ਅੰਦਰ-2 ਬਿਨੈਪੱਤਰ ਜਮ੍ਹਾਂ ਕਰਵਾਉਣ ਲਈ ਸਮਾਂ ਦਿੱਤਾ ਗਿਆ ਹੈ। ਇਸ ਲਈ ਗਮਾਡਾ ਏਰੀਏ ਅਧੀਨ ਪੈਂਦੇ ਜ਼ਿਲ੍ਹਾ ਐਸ.ਏ.ਐਸ.ਨਗਰ, ਰੂਪਨਗਰ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਦੀ ਰਾਜਪੁਰਾ ਤਹਿਸੀਲ ਅਧੀਨ ਪੈਂਦੀਆਂ ਕਲੋਨੀਆਂ ਦੇ ਪ੍ਰਮੋਟਰਾਂ/ਬਿਲਡਰਾਂ ਅਤੇ ਪਲਾਟ ਹੋਲਡਰਾਂ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੀਆਂ ਅਣ-ਅਧਿਕਾਰਤ ਕਲੋਨੀਆਂ/ਪਲਾਟਾਂ/ਬਿਲਡਿੰਗਾਂ ਨੂੰ ਰੈਗੂਲਰ/ਕੰਪਾਊਂਡ ਕਰਵਾਉਣ ਲਈ ਬਿਨੈਪੱਤਰ ਮਿਤੀ 13-01-2017 ਤੋਂ ਪਹਿਲਾਂ-2 ਗਮਾਡਾ ਦਫਤਰ/ਸੁਵਿਧਾ ਕੇਂਦਰਾਂ ਵਿੱਚ ਜਮ੍ਹਾਂ ਕਰਵਾਏ ਜਾਣ।ਸਰਕਾਰ ਵੱਲੋਂ ਅਣ-ਅਧਿਕਾਰਤ ਕਲੋਨੀਆਂ/ਪਲਾਟਾਂ/ਬਿਲਡਿੰਗਾਂ ਨੂੰ ਰੈਗੂਲਰ/ਕੰਪਾਊਂਡ ਕਰਵਾਉਣ ਲਈ ਇਹ ਆਖਰੀ ਮੌਕਾ ਦਿੱਤਾ ਗਿਆ ਹੈ। ਇਸ ਲਈ ਜਿਹੜੇ ਪ੍ਰਮੋਟਰ/ਬਿਲਡਰ/ਪਲਾਟ ਹੋਲਡਰ ਇਸ ਸਮੇਂ ਦੌਰਾਨ ਆਪਣੀਆਂ ਕਲੋਨੀਆਂ/ਪਲਾਟਾਂ/ਬਿਲਡਿੰਗਾਂ ਨੂੰ ਰੈਗੂਲਰ/ਕੰਪਾਊਂਡ ਨਹੀਂ ਕਰਵਾਉਣਗੇ ਉਨ੍ਹਾਂ ਵਿਰੁੱਧ ਗਮਾਡਾ ਵੱਲੋਂ ਵੱਖ-2 ਐਕਟਾਂ ਤਹਿਤ ਕਾਨੂੰਨੀ ਕਾਰਵਾਈ ਆਰੰਭੀ ਜਾਵੇਗੀ।

ਉਕਤ ਤੋਂ ਇਲਾਵਾ ਕੁੱਝ ਪ੍ਰਮੋਟਰਾਂ/ਬਿਲਡਰਾਂ/ਪਲਾਟ ਹੋਲਡਰਾਂ ਵੱਲੋਂ ਪੰਜਾਬ ਸਰਕਾਰ ਦੀ ਮਿਤੀ 21-08-2013 ਅਤੇ ਮਿਤੀ 28-10-2014 ਨੂੰ ਜਾਰੀ ਕੀਤੀਆਂ ਪਾਲਿਸੀਆਂ ਤਹਿਤ ਗਮਾਡਾ ਏਰੀਏ ਅਧੀਨ ਪੈਂਦੀਆਂ ਅਣ-ਅਧਿਕਾਰਤ ਕਲੋਨੀਆਂ/ਪਲਾਟਾਂ/ਬਿਲਡਿੰਗਾਂ ਨੂੰ ਰੈਗੂਲਰ/ਕੰਪਾਊਂਡ ਕਰਵਾਉਣ ਲਈ ਆਪਣੇ ਬਿਨੈਪੱਤਰ ਗਮਾਡਾ ਦਫ਼ਤਰ ਵਿੱਚ ਜਮ੍ਹਾਂ ਕਰਵਾਏ ਗਏ ਸਨ, ਉਨ੍ਹਾਂ ਬਿਨੈਕਾਰਾਂ ਵੱਲੋਂ ਬਿਨੈਪੱਤਰ ਨਾਲ 25% ਰੈਗੂਲਰਾਈਜੇਸ਼ਨ/ਕੰਪਾਊਡਿੰਗ ਫੀਸ ਹੀ ਜਮ੍ਹਾਂ ਕਰਵਾਈ ਗਈ ਹੈ। ਗਮਾਡਾ ਦਫ਼ਤਰ ਵੱਲੋਂ ਇਨ੍ਹਾਂ ਬਿਨੈਕਾਰਾਂ ਨੂੰ ਆਪਣੇ ਬਿਨੈਪੱਤਰਾਂ ਨਾਲ ਜਮ੍ਹਾਂ ਕਰਵਾਏ ਦਸਤਾਵੇਜਾਂ ਦੀਆਂ ਤਰੁੱਟੀਆਂ ਦੂਰ ਕਰਨ ਅਤੇ ਬਕਾਇਆ ਰਹਿੰਦੀ ਰੈਗੂਲਰਾਈਜੇਸ਼ਨ/ਕੰਪਾਊਂਡਿੰਗ ਫੀਸ ਜਮ੍ਹਾਂ ਕਰਵਾਉਣ ਲਈ ਲਿਖਤੀ ਰੂਪ ਵਿੱਚ ਕਈ ਵਾਰ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ, ਪ੍ਰੰਤੂ ਉਨ੍ਹਾਂ ਕਲੋਨਾਈਜ਼ਰਾਂ/ਪਲਾਟ ਹੋਲਡਰਾਂ ਵੱਲੋਂ ਆਪਣੇ ਬਿਨੈਪੱਤਰਾਂ ਦੀਆਂ ਤਰੁੱਟੀਆਂ ਦੂਰ ਕਰਨ ਲਈ ਕੋਈ ਵੀ ਹੁੰਗਾਰਾ ਨਹੀਂ ਮਿਲ ਰਿਹਾ ਅਤੇ ਨਾ ਹੀ ਤਰੁੱਟੀਆਂ ਦੂਰ ਕਰਨ ਜਾਂ ਬਕਾਇਆ ਫੀਸਾਂ ਜਮ੍ਹਾਂ ਕਰਵਾਉਣ ਲਈ ਦਫ਼ਤਰ ਨਾਲ ਤਾਲਮੇਲ ਕੀਤਾ ਗਿਆ ਹੈ। ਇਸ ਲਈ ਇਸ ਜਨਤਕ ਸੂਚਨਾ ਰਾਹੀਂ ਉਨ੍ਹਾਂ ਬਿਨੈਕਾਰਾਂ ਨੂੰ ਇੱਕ ਆਖਰੀ ਮੌਕਾ ਦਿੱਤੇ ਹੋਏ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-2 ਦਫ਼ਤਰ ਨਾਲ ਨਿੱਜੀ ਪੱਧਰ ਤੇ ਸੰਪਰਕ ਕਰਕੇ ਬਿਨੈਪੱਤਰਾਂ ਦੀਆਂ ਤਰੁੱਟੀਆਂ ਦੂਰ ਕੀਤੀਆਂ ਜਾਣ ਅਤੇ ਬਕਾਇਆ ਰਹਿੰਦੀਆਂ ਫੀਸਾਂ ਜਮ੍ਹਾਂ ਕਰਵਾਈਆਂ ਜਾਣ। ਜੇਕਰ ਇਨ੍ਹਾਂ ਬਿਨੈਕਾਰਾਂ ਵੱਲੋਂ ਮਿੱਥੇ ਸਮੇਂ ਦੇ ਅੰਦਰ-2 ਲੋੜੀਂਦੇ ਦਸਤਾਵੇਜ਼ ਗਮਾਡਾ ਦਫ਼ਤਰ ਵਿੱਚ ਜਮ੍ਹਾਂ ਨਹੀਂ ਕਰਵਾਏ ਜਾਂਦੇ ਜਾਂ ਬਕਾਇਆ ਰਹਿੰਦੀਆਂ ਫੀਸਾਂ ਜਮ੍ਹਾਂ ਨਹੀਂ ਕਰਵਾਈਆਂ ਜਾਂਦੀਆਂ ਤਾਂ ਇਸ ਦਫ਼ਤਰ ਵੱਲੋਂ ਇਕਤਰਫਾ ਕਰਵਾਈ ਕਰਦੇ ਹੋਏ ਬਿਨੈਪੱਤਰ ਰੱਦ ਕਰ ਦਿੱਤੇ ਜਾਣਗੇ ਅਤੇ ਉਨ੍ਹਾਂ ਬਿਨੈਕਾਰਾਂ ਵਿਰੁੱਧ ਵੱਖ-2 ਐਕਟਾਂ/ਰੂਲਾਂ ਤਹਿਤ ਕਾਨੂੰਨੀ ਕਾਰਵਾਈ ਵੀ ਆਰੰਭ ਦਿੱਤੀ ਜਾਵੇਗੀ।

**ਸਮਰੱਥ ਅਧਿਕਾਰੀ ਗਮਾਡਾ**